*This question paper contains 2 printed pages.* *Your Roll No.* ........................

| | | |
|---|---|---|
| *Sl. No. of Ques. Paper* | : **5135** | **G** |
| *Unique Paper Code* | : **212156** | |
| *Name of Paper* | : **Punjabi C (Basic)** | |
| *Name of Course* | : **B.A. (Prog.)** | |
| *Semester* | : **I** | |
| *Duration :* | : **3 hours** | |
| *Maximum Marks* | : **75** | |

*(Write your Roll No. on the top immediately on receipt of this question paper.)*

**ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।**

1. ਪੰਜਾਬੀ ਕਹਾਣੀ ਦੇ ਵਿਕਾਸ ਉੱਪਰ ਰੌਸ਼ਨੀ ਪਾਉ। **15**

ਜਾਂ

ਪਾਠ-ਪੁਸਤਕ 'ਨਿਮੋਲੀਆਂ' ਦਾ ਆਲੋਚਨਾਤਮਕ ਅਧਿਐਨ ਪੇਸ਼ ਕਰੋ।

2. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕੋਈ ਦੋ ਦੇ ਉੱਤਰ ਦਿਉ : **5+5=10**
   (ੳ) 'ਇਕ ਬੇੜੀ ਦੋ ਸਵਾਰ' ਕਹਾਣੀ ਦਾ ਸੰਖੇਪ ਸਾਰ ਲਿਖੋ।
   (ਅ) ਕਹਾਣੀ ਦੇ ਤੱਤਾਂ ਬਾਰੇ ਨੋਟ ਲਿਖੋ।
   (ੲ) 'ਇਨਸਾਨ' ਕਹਾਣੀ ਵਿਚੋਂ ਕੀ ਸਿੱਖਿਆ ਮਿਲਦੀ ਹੈ?

3. ਨਾਟਕੀ ਰੂਪ ਦੀਆਂ ਵਿਸ਼ੇਸ਼ਤਾਵਾਂ ਦੀ ਵਿਸਤਾਰ ਵਿਚ ਚਰਚਾ ਕਰੋ। **15**

ਜਾਂ

ਨਾਟਕ 'ਕੱਟੀ ਹੋਈ ਬਾਂਹ' ਨੂੰ ਨਾਟਕ ਕਲਾ ਦੇ ਤੌਰ ਉੱਤੇ ਪਰਖੋ।

4. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕੋਈ ਦੋ ਦੇ ਉੱਤਰ ਲਿਖੋ : **5+5=10**
   (ੳ) 'ਕੱਟੀ ਹੋਈ ਬਾਂਹ' ਵਿਚ ਪੇਸ਼ ਵਿਚਾਰਧਾਰਾ ਨੂੰ ਆਪਣੇ ਸ਼ਬਦਾਂ ਵਿਚ ਲਿਖੋ।
   (ਅ) ਨਾਟਕ 'ਕੱਟੀ ਹੋਈ ਬਾਂਹ' ਦੇ ਕਿਸੇ ਮਨ-ਭਾਉਂਦੇ ਪਾਤਰ ਉੱਪਰ ਸੰਖੇਪ ਨੋਟ ਲਿਖੋ।
   (ੲ) ਨਾਟਕਕਾਰ ਕੇਵਲ ਸੂਦ ਆਪਣੇ ਨਾਟਕ ਰਾਹੀਂ ਕੀ ਸੰਦੇਸ਼ ਦੇਣਾ ਚਾਹੁੰਦਾ ਹੈ?

5. ਵਿਅੰਜਨ ਕੀ ਹੁੰਦੇ ਹਨ? ਪੰਜਾਬੀ ਵਿਚ ਕੁੱਲ ਕਿੰਨੇ ਵਿਅੰਜਨ ਹਨ? **05**

ਜਾਂ

ਗੁਰਮੁਖੀ ਲਿੱਪੀ ਵਿਚ ਪੇਸ਼ 'ਦੁੱਤ ਅੱਖਰਾਂ' ਨੂੰ ਉਦਾਹਰਨਾਂ ਸਹਿਤ ਦਰਸਾਉ।

6. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ: **05**

ਸਵੇਰ ਦੀ ਸੈਰ ਬਹੁਤ ਗੁਣਕਾਰੀ ਹੁੰਦੀ ਹੈ। ਖ਼ੂਨ ਦਾ ਸੰਚਾਰ ਸਰੀਰ ਦੇ ਰੋਮ-ਰੋਮ ਤਕ ਹੁੰਦਾ ਹੈ। ਇਸ ਨਾਲ ਸਰੀਰ ਤੰਦਰੁਸਤ ਹੁੰਦਾ ਹੈ। ਮਾਨਸਿਕ ਥਕਾਣ ਦੂਰ ਹੁੰਦੀ ਹੈ। ਮਨ ਹਲਕਾ-ਫੁਲਕਾ ਮਹਿਸੂਸ ਕਰਦਾ ਹੈ। ਪੂਰਾ ਸਰੀਰ ਤਰੋ-ਤਾਜ਼ਾ ਮਹਿਸੂਸ ਕਰਦਾ ਹੈ। ਰੋਗ ਸਰੀਰ ਤੋਂ ਦੂਰ ਰਹਿੰਦੇ ਹਨ। ਫਿਰ ਡਾਕਟਰ ਕੋਲ ਜਾਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਭੁੱਖ ਚੰਗੀ ਲੱਗਦੀ ਹੈ। ਦਿਮਾਗ ਵਿਚ ਨੇਕ ਖ਼ਿਆਲ ਆਉਂਦੇ ਹਨ। ਸਰੀਰ ਦੀ ਚੁਸਤੀ ਵਧਦੀ ਹੈ। ਕੰਮ ਕਰਨ ਨੂੰ ਜੀ ਕਰਦਾ ਹੈ। ਸੋਚ ਉਸਾਰੂ ਬਣਦੀ ਹੈ। ਸੈਰ ਜੀਵਨ ਨੂੰ ਅਨੁਸ਼ਾਸਨ ਵਿਚ ਢਾਲਣ ਲਈ ਵੀ ਸਹਾਈ ਹੁੰਦੀ ਹੈ। ਸਿਆਣਿਆਂ ਨੇ ਸੱਚ ਹੀ ਕਿਹਾ ਹੈ ਕਿ ਸੈਰ ਦੀ ਖ਼ੈਰ ਤਾਂ ਹਰ ਇਨਸਾਨ ਨੂੰ ਮਿਲਣੀ ਚਾਹੀਦੀ ਹੈ।

(ੳ) ਹਰ ਇਨਸਾਨ ਨੂੰ ਕੀ ਮਿਲਣਾ ਚਾਹੀਦਾ ਹੈ?

turn over

1. ਤੋਹਫ਼ਾ 2. ਸੈਰ ਦੀ ਖੈਰ 3. ਰੋਟੀ 4. ਖ਼ੂਨ

(ਅ) ਸੈਰ ਨਾਲ ਕਿਸ ਦੀ ਥਕਾਣ ਦੂਰ ਹੁੰਦੀ ਹੈ?

1. ਦਿਲ 2. ਸਿਰ 3. ਮਨ 4. ਪੇਟ

(ੲ) ਅਨੁਸ਼ਾਸਨ ਕਿਵੇਂ ਆਉਂਦਾ ਹੈ?

1. ਸੈਰ ਨਾਲ 2. ਖ਼ੂਨ ਦੇ ਦੌਰੇ ਨਾਲ 3. ਡਾਕਟਰ ਕੋਲ ਜਾਣ ਨਾਲ 4. ਤੇਜ਼ ਦਿਮਾਗ ਨਾਲ

(ਸ) ਹੇਠ ਲਿਖਿਆਂ ਵਿਚੋਂ ਕਿਹੜਾ ਸਮਾਸੀ ਸ਼ਬਦ ਨਹੀਂ ਹੈ?

1. ਹਲਕਾ-ਫੁਲਕਾ 2. ਤਰੋ-ਤਾਜ਼ਾ 3. ਸੈਰ ਦੀ ਖੈਰ 4. ਰੋਮ-ਰੋਮ

(ਹ) ਉਪਰੋਕਤ ਪੈਰੇ ਦਾ ਢੁੱਕਵਾਂ ਸਿਰਲੇਖ ਚੁਣੋ?

1. ਡਾਕਟਰ ਤੋਂ ਦੂਰ ਰਹਿਣਾ 2. ਖ਼ੂਨ ਦਾ ਦੌਰਾ 3. ਅਨੁਸ਼ਾਸਨ 4. ਸੈਰ ਦੇ ਲਾਭ

7. ਹੇਠ ਲਿਖਿਆਂ ਵਿਚੋਂ ਕੋਈ ਦਸ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ: **10**

ਕੱਚਾ, ਦੁਖੀ, ਤਕੜਾ, ਉੱਪਰ, ਹੌਲਾ, ਖਾਲੀ,
ਕੁਆਰੀ, ਅਮੀਰ, ਉਜਾਲਾ, ਸਸਤਾ, ਉੱਚਾ, ਝੂਠ

8. ਗੁਰਮੁਖੀ ਲਿੱਪੀ ਵਿਚ ਕਿੰਨੀਆਂ ਲਗਾਂ-ਮਾਤਰਾਂ ਹੁੰਦੀਆਂ ਹਨ? ਉਦਾਹਰਨਾਂ ਦੇ ਕੇ ਸਮਝਾਉ। **05**



100